# ਗਰੇਟਰ ਮੋਹਾਲੀ ਏਰੀਆ ਡਿਵੈਲਪਮੈਂਟ ਅਥਾਰਟੀ, ਪੁੱਡਾ ਭਵਨ,

ਸੈਕਟਰ-62, ਐਸ.ਏ.ਐਸ.ਨਗਰ

(ਤਾਲਮੇਲ ਸਾਖਾ)

ਨੰ:ਗਮਾਡਾ(ਤਾਲਮੇਲ/ਮੀਟਿੰਗਜ਼)-2013/ 694-700 ਮਿਤੀ: 08-01-2013

ਸੇਵਾ ਵਿਖੇ

1) ਮੁੱਖ ਸਕੱਤਰ, ਪੰਜਾਬ ਸਰਕਾਰ
ਪੰਜਾਬ ਸਿਵਲ ਸਕੱਤਰੇਤ, ਚੰਡੀਗੜ੍ਹ।
2) ਪ੍ਰਮੁੱਖ ਸਕੱਤਰ/ਮੁੱਖ ਮੰਤਰੀ ਪੰਜਾਬ
ਪੰਜਾਬ ਸਿਵਲ ਸਕੱਤਰੇਤ, ਚੰਡੀਗੜ੍ਹ।
3) ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ
ਵਿੱਤ ਵਿਭਾਗ, ਪੰਜਾਬ
ਪੰਜਾਬ ਸਿਵਲ ਸਕੱਤਰੇਤ, ਚੰਡੀਗੜ੍ਹ।
4) ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ,
ਸਥਾਨਕ ਸਰਕਾਰ ਵਿਭਾਗ,
ਪੰਜਾਬ ਸਿਵਲ ਸਕੱਤਰੇਤ-1, ਚੰਡੀਗੜ੍ਹ।
5) ਸਕੱਤਰ, ਪੰਜਾਬ ਸਰਕਾਰ,
ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ, ਪੰਜਾਬ
ਪੰਜਾਬ ਸਿਵਲ ਸਕੱਤਰੇਤ-1, ਚੰਡੀਗੜ੍ਹ।
6) ਮੁੱਖ ਪ੍ਰਸ਼ਾਸ਼ਕ
ਗਰੇਟਰ ਮੁਹਾਲੀ ਏਰੀਆ ਵਿਕਾਸ ਅਥਾਰਿਟੀ
ਐਸ.ਏ.ਐਸ. ਨਗਰ ।
7) ਮੁੱਖ ਨਗਰ ਯੋਜਨਾਕਾਰ, ਪੰਜਾਬ
ਐਸ.ਏ.ਐਸ.ਨਗਰ।

ਵਿਸ਼ਾ: - ਗਰੇਟਰ ਮੁਹਾਲੀ ਏਰੀਆ ਵਿਕਾਸ ਅਥਾਰਿਟੀ (ਗਮਾਡਾ) ਦੀ ਅਥਾਰਿਟੀ ਦੀ 14ਵੀਂ ਮੀਟਿੰਗ ਸਬੰਧੀ।

ਗਰੇਟਰ ਮੁਹਾਲੀ ਏਰੀਆ ਵਿਕਾਸ ਅਥਾਰਿਟੀ ( ਗਮਾਡਾ) ਦੀ 14ਵੀਂ ਮੀਟਿੰਗ ਜੋ ਮਿਤੀ 22-11-2012 ਨੂੰ ਮਾਨਯੋਗ ਮੁੱਖ ਮੰਤਰੀ-ਕਮ-ਚੇਅਰਮੈਨ ਗਰੇਟਰ ਮੁਹਾਲੀ ਏਰੀਆ ਵਿਕਾਸ ਅਥਾਰਿਟੀ (ਗਮਾਡਾ) ਜੀ ਦੀ ਪ੍ਰਧਾਨਗੀ ਹੇਠ ਹੋਈ ਸੀ ਦੀ ਕਾਰਵਾਈ ਦੀ ਕਾਪੀ ਆਪ ਜੀ ਨੂੰ ਸੂਚਨਾ ਹਿਤ ਭੇਜੀ ਜਾਂਦੀ ਹੈ ਜੀ।

ਨੱਥੀ/ਉਪਰੋਕਤ ਅਨੁਸਾਰ ।

ਸੁਪਰਡੈਂਟ(ਤਾਲਮੇਲ)
ਗਮਾਡਾ, ਐਸ.ਏ.ਐਸ.ਨਗਰ

ਪਿੱਠ ਅੰਕਣ ਨੰ:ਗਮਾਡਾ(ਤਾਲਮੇਲ/ਮੀਟਿੰਗਜ਼)/2013/ 701 ਮਿਤੀ: 08-01-2

ਉਪਰੋਕਤ ਦਾ ਉਤਾਰਾ ਸਮੇਤ ਅਥਾਰਟੀ ਦੀ 14ਵੀਂ ਮੀਟਿੰਗ ਦੀ ਕਾਰਵਾਈ ਦੀ ਕਾਪੀ ਵਿਸ਼ੇਸ਼ ਪ੍ਰਮੁੱਖ ਸਕੱਤਰ/ਮੁੱਖ ਮੰਤਰੀ, ਪੰਜਾਬ ਨੂੰ ਮੁੱਖ ਮੰਤਰੀ, ਪੰਜਾਬ ਜੀ ਦੀ ਸੂਚਨਾ ਹਿੱਤ ਜੀ।

ਸੁਪਰਡੈਂਟ(ਤਾਲਮੇਲ)

107

ਪਿੱਠ ਅੰਕਣ ਨੰ:ਗਮਾਡਾ(ਤਾਲਮੇਲ/ਮੀਟਿੰਗਜ਼)/2013/ 702 ਮਿਤੀ: 08-01-2013

ਉਪਰੋਕਤ ਦਾ ਉਤਾਰਾ ਸਮੇਤ ਅਥਾਰਟੀ ਦੀ 14ਵੀਂ ਮੀਟਿੰਗ ਦੀ ਕਾਰਵਾਈ ਦੀ ਕਾਪੀ ਪ੍ਰਮੁੱਖ ਸਕੱਤਰ/ਉਪ ਮੁੱਖ ਮੰਤਰੀ, ਪੰਜਾਬ ਨੂੰ ਉਪ ਮੁੱਖ ਮੰਤਰੀ, ਪੰਜਾਬ ਦੀ ਸੂਚਨਾਂ ਹਿੱਤ ਜੀ।

ਸੁਪਰਡੰਟ(ਤਾਲਮੇਲ)
ਗਮਾਡਾ, ਐਸ.ਏ.ਐਸ.ਨਗਰ

ਪਿੱਠ ਅੰਕਣ ਨੰ:ਗਮਾਡਾ(ਤਾਲਮੇਲ/ਮੀਟਿੰਗਜ਼)/2013/ 703 ਮਿਤੀ: 08-01-2013

ਉਪਰੋਕਤ ਦਾ ਉਤਾਰਾ ਸਮੇਤ ਅਥਾਰਟੀ ਦੀ 14ਵੀਂ ਮੀਟਿੰਗ ਦੀ ਕਾਰਵਾਈ ਦੀ ਕਾਪੀ ਮੁੱਖ ਤਾਲਮੇਲ ਅਫਸਰ, ਨੋਡਲ ਦਫਤਰ ਦੀ ਸੂਚਨਾਂ ਹਿੱਤ।

ਸੁਪਰਡੰਟ(ਤਾਲਮੇਲ)
ਗਮਾਡਾ, ਐਸ.ਏ.ਐਸ.ਨਗਰ

**ਵਿਸ਼ਾ:-** **ਮਾਨਯੋਗ ਮੁੱਖ ਮੰਤਰੀ, ਪੰਜਾਬ ਜੀ ਦੀ ਪ੍ਰਧਾਨਗੀ ਹੇਠ ਮਿਤੀ 22-11-2012 ਨੂੰ ਦੁਪਹਿਰ 12.00 ਵਜੇ ਹੋਈ ਗਰੇਟਰ ਮੋਹਾਲੀ ਏਰੀਆ ਵਿਕਾਸ ਅਥਾਰਟੀ (ਗਮਾਡਾ) ਦੀ 14ਵੀਂ ਮੀਟਿੰਗ ਦੀ ਕਾਰਵਾਈ ਬਾਰੇ ।**

ਉਪਰੋਕਤ ਵਿਸ਼ੇ ਸਬੰਧੀ ਮਾਨਯੋਗ ਮੁੱਖ ਮੰਤਰੀ ਪੰਜਾਬ ਜੀ ਦੀ ਪ੍ਰਧਾਨਗੀ ਹੇਠ ਮਿਤੀ 22-11-2012 ਨੂੰ ਗਮਾਡਾਂ ਅਥਾਰਟੀ ਦੀ 14ਵੀਂ ਮੀਟਿੰਗ ਹੋਈ ਜਿਸ ਵਿਚ ਹੇਠ ਲਿਖੇ ਮੈਂਬਰਾਂ ਨੇ ਭਾਗ ਲਿਆ :-

1) ਸ਼੍ਰੀ ਰਾਕੇਸ਼ ਸਿੰਘ, ਆਈ.ਏ.ਐਸ,
ਮੁੱਖ ਸਕੱਤਰ, ਪੰਜਾਬ ਸਰਕਾਰ, ਚੰਡੀਗੜ੍ਹ ।

2) ਸ਼੍ਰੀ ਸੁਰੇਸ਼ ਕੁਮਾਰ, ਆਈ.ਏ.ਐਸ.,
ਪ੍ਰਮੁੱਖ ਸਕੱਤਰ, ਸਥਾਨਕ ਸਰਕਾਰ,
ਪੰਜਾਬ, ਚੰਡੀਗੜ੍ਹ।

3) ਸ਼੍ਰੀ ਐਸ.ਕੇ. ਸੰਧੂ, ਆਈ.ਏ.ਐਸ.,
ਪ੍ਰਮੁੱਖ ਸਕੱਤਰ/ਮੁੱਖ-ਮੰਤਰੀ, ਪੰਜਾਬ,
ਅਤੇ ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ,
ਪੰਜਾਬ, ਚੰਡੀਗੜ੍ਹ ।

4) ਸ਼੍ਰੀ ਜਸਪਾਲ ਸਿੰਘ, ਆਈ.ਏ.ਐਸ.,
ਸਕੱਤਰ (ਖਰਚਾ),
ਪੰਜਾਬ, ਚੰਡੀਗੜ੍ਹ ।
(ਪ੍ਰਮੁੱਖ ਸਕੱਤਰ, ਵਿੱਤ ਦਾ ਨੁਮਾਇੰਦਾ)

5) ਸ੍ਰੀ ਏ ਕੇ ਸਿਨਹਾ, ਆਈ.ਏ.ਐਸ.,
ਮੁੱਖ ਪ੍ਰਸਾਸਕ, ਗਮਾਡਾ,
ਐਸ ਏ ਐਸ ਨਗਰ।

6) ਸ਼੍ਰੀ ਹਰਨੇਕ ਸਿੰਘ,
ਮੁੱਖ ਨਗਰ ਯੋਜਨਾਕਾਰ, ਪੰਜਾਬ,
ਐਸ.ਏ.ਐਸ.ਨਗਰ।

ਉਪਰੋਕਤ ਤੋਂ ਇਲਾਵਾ ਹੇਠ ਲਿਖੇ ਅਧਿਕਾਰੀ ਮੀਟਿੰਗ ਵਿੱਚ ਸ਼ਾਮਲ ਹੋਏ:-

1) ਸ਼੍ਰੀ ਮਨਜੀਤ ਸਿੰਘ ਬਰਾੜ, ਪੀ.ਸੀ.ਐਸ.,
ਵਧੀਕ ਮੁੱਖ ਪ੍ਰਸ਼ਾਸਕ, ਗਮਾਡਾ,
ਐਸ.ਏ.ਐਸ.ਨਗਰ ।

2) ਸ਼੍ਰੀ ਪੰਕਜ ਬਾਵਾ,
ਜ਼ਿਲ੍ਹਾ ਨਗਰ ਯੋਜਨਾਕਾਰ,
ਗਮਾਡਾ, ਐਸ.ਏ.ਐਸ.ਨਗਰ ।

3) ਸ਼੍ਰੀ ਐਸ.ਐਸ. ਢੀਂਡਸਾ,
ਪ੍ਰੋਜੈਕਟ ਡਾਇਰੈਕਟਰ,
ਗਮਾਡਾ, ਐਸ.ਏ.ਐਸ.ਨਗਰ ।

ਅਜੰਡੇ ਦੀਆਂ ਮੱਦਾਂ ਨੂੰ ਲੜੀਵਾਰ ਵਿਚਾਰਿਆ ਗਿਆ ਅਤੇ ਵਿਚਾਰਨ ਉਪਰੰਤ ਹੇਠ ਲਿਖੇ ਅਨੁਸਾਰ ਫੈਸਲੇ ਲਏ ਗਏ:-

**ਮੱਦ ਨੰ: 14.01**

**ਗਰੇਟਰ ਮੁਹਾਲੀ ਏਰੀਆ ਵਿਕਾਸ ਅਥਾਰਿਟੀ ਦੀ 13ਵੀਂ ਮੀਟਿੰਗ ਜੋ ਮਿਤੀ 18-7-2012 ਨੂੰ ਹੋਈ ਸੀ ਦੀ ਕਾਰਵਾਈ ਦੀ ਪੁਸ਼ਟੀ ਕਰਨ ਬਾਰੇ।**

ਵਿਚਾਰ-ਵਟਾਂਦਰੇ ਉਪਰੰਤ ਸਰਵ-ਸੰਮਤੀ ਨਾਲ ਜਾਰੀ ਕੀਤੀ ਕਾਰਵਾਈ ਦੀ ਪੁਸ਼ਟੀ ਕੀਤੀ ਗਈ।

**ਮੱਦ ਨੰ: 14.02**

**ਗਮਾਡਾ ਅਥਾਰਿਟੀ ਮਿਤੀ 18-7-2012 ਨੂੰ ਹੋਈ 13ਵੀਂ ਮੀਟਿੰਗ ਵਿੱਚ ਲਏ ਗਏ ਫੈਸਲੇ ਅਨੁਸਾਰ ਕੀਤੀ ਗਈ ਕਾਰਵਾਈ।**

ਫੈਸਲਿਆਂ ਤੇ ਕੀਤੀ ਗਈ ਕਾਰਵਾਈ ਨੂੰ ਅਥਾਰਿਟੀ ਵੱਲੋਂ ਨੋਟ ਕੀਤਾ ਗਿਆ ਅਤੇ ਤਸੱਲੀ ਪ੍ਰਗਟਾਈ ਗਈ। ਨਾਲ ਹੀ ਅਥਾਰਟੀ ਨੇ ਇਹ ਵੀ ਪ੍ਰੇਖਣ ਕੀਤਾ ਕਿ ਮੱਦ ਨੰ: 13.14 ਵਿੱਚ ਕੀਤੇ ਗਏ ਫੈਸਲੇ ਦੇ ਸਨਮੁੱਖ ਕਾਨੂੰਨੀ ਰਾਏ ਅਨੁਸਾਰ ਬੱਸ ਟਰਮੀਨਲ-ਕਮ-ਕਮਰਸ਼ੀਅਲ ਕੰਪਲੈਕਸ ਦੀ ਉਸਾਰੀ ਦੇ ਸਮੇਂਸਿਰ ਨਾ ਕਰਨ ਕਰਕੇ ਐਗਰੀਮੈਂਟ ਵਿੱਚ ਦਰਸਾਈਆਂ ਗਈਆਂ ਧਾਰਾਂਵਾਂ ਅਨੁਸਾਰ ਪਨੈਲਿਟੀ ਲਗਾਈ ਜਾਵੇ।

**ਮੱਦ ਨੰ: 14.03**

**ਐਸ.ਏ.ਐਸ.ਨਗਰ ਦੇ ਸੈਕਟਰ-66 ਬੀਟਾ, 82 ਅਲਫਾ, 83 ਅਫਲਾ, 101 ਅਲਫਾ ਵਿੱਚ ਪੈਂਦੇ ਲਗਭਗ 1686 ਏਕੜ ਨਾਲੇਜ ਪਾਰਕ ਵਿੱਚ ਰਿਹਾਇਸ਼ੀ ਪਲਾਟ ਅਲਾਟ ਕਰਨ ਲਈ ਸਕੀਮ ਲਾਂਚ ਕਰਨ ਬਾਰੇ।**

ਅਥਾਰਿਟੀ ਵੱਲੋਂ ਮੱਦ ਪ੍ਰਵਾਨ ਕੀਤੀ ਗਈ।

**ਮੱਦ ਨੰ: 14.04**

**ਸਿਟੀ ਸੈਂਟਰ, ਸੈਕਟਰ-62, ਅਜੀਤਗੜ੍ਹ ਵਿਖੇ ਆਡੀਟੋਰੀਅਮ ਅਤੇ ਮਿਊਜਿਕ ਅਕੈਡਮੀ ਦੀ ਉਸਾਰੀ ਸਬੰਧੀ ਸੋਧੀ ਹੋਈ ਲਾਗਤ ਦੀ ਪ੍ਰਵਾਨਗੀ ਬਾਰੇ।**

ਅਥਾਰਟੀ ਵੱਲੋਂ ਵਿਚਾਰ-ਵਟਾਂਦਰੇ ਉਪਰੰਤ ਫੈਸਲਾ ਕੀਤਾ ਗਿਆ ਕਿ ਗਮਾਡਾ ਦੀ ਅਗਲੇ ਸਾਲ ਵਿੱਚ ਵਿੱਤੀ ਸਥਿਤੀ ਨੂੰ ਦੇਖਦੇ ਹੋਏ ਆਡੋਟੋਰੀਅਮ ਅਤੇ ਮਿਊਜ਼ਕ ਅਕੈਡਮੀ ਦੀ ਉਸਾਰੀ ਬਾਰੇ ਵਿਚਾਰ ਕੀਤਾ ਜਾਵੇਗਾ।

ਮੱਦ ਨੰ: 14.05

**ਈਕੋ ਸਿਟੀ ਸਕੀਮ ਉਡੀਕ ਸੂਚੀ ਦੇ ਸਮੇਂ ਵਿੱਚ ਵਾਧਾ ਕਰਨ ਬਾਰੇ।**

ਅਥਾਰਿਟੀ ਵੱਲੋਂ ਉਡੀਕ ਸੂਚੀ ਦੇ ਸਫਲ ਬਿਨੈਕਾਰਾਂ ਨੂੰ ਆਖਰੀ ਮੌਕਾ ਦਿੰਦੇ ਹੋਏ ਮੱਦ ਪ੍ਰਵਾਨ ਕੀਤੀ ਗਈ।

ਮੱਦ ਨੰ: 14.06

**ਅਰਬਨ ਅਸਟੇਟ ਵਿਖੇ ਉਸਾਰੇ ਗਏ ਰਿਹਾਇਸ਼ੀ ਮਕਾਨਾਂ ਅਤੇ ਪੰਜਾਬ ਮਕਾਨ ਉਸਾਰੀ ਵਿਕਾਸ ਬੋਰਡ/ਪੁੱਡਾ (ਹੁਣ ਗਮਾਡਾ) ਵੱਲੋਂ ਉਸਾਰੇ ਮਕਾਨਾਂ ਵਿੱਚ ਪ੍ਰੋਫੈਸ਼ਨਲ ਕੰਸਲਟੈਂਸੀ ਸਰਵਿਸ ਦੀ ਆਗਿਆ ਦੇਣ ਸਬੰਧੀ ਪਾਲਿਸੀ ਬਾਰੇ।**

ਅਥਾਰਿਟੀ ਵੱਲੋਂ ਮੱਦ ਪ੍ਰਵਾਨ ਕੀਤੀ ਗਈ।

ਮੱਦ ਨੰ: 14.07

**ਮੁੱਲਾਂਪੁਰ ਮਾਸਟਰ ਪਲੈਨ ਵਿੱਚ ਮੈਡੀਸਿਟੀ ਫੇਜ਼-2 ਅਤੇ ਈਕੋ ਸਿਟੀ ਫੇਜ਼-2, ਐਕਸਟੈਨਸ਼ਨ ਲਈ ਰਕਬਾ ਪ੍ਰਾਪਤ ਕਰਨ ਸਬੰਧੀ।**

ਅਥਾਰਿਟੀ ਵੱਲੋਂ ਮੱਦ ਪ੍ਰਵਾਨ ਕੀਤੀ ਗਈ।

ਮੱਦ ਨੰ: 14.08

**ਮੁੱਲਾਂਪੁਰ ਮਾਸਟਰ ਪਲੈਨ ਵਿੱਚ ਵੱਖ-ਵੱਖ ਮੰਤਵਾਂ ਲਈ ਐਕੁਆਇਰ ਕਰਨ ਸਬੰਧੀ।**

ਮੱਦ ਦੇ ਲੜੀ ਨੰ: 1 ਤੇ ਵਿਚਾਰ-ਵਟਾਂਦਰੇ ਉਪਰੰਤ ਅਥਾਰਿਟੀ ਵੱਲੋਂ ਮੁੱਲਾਂਪੁਰ ਖੇਤਰ ਦੇ ਸੁਚੱਜੇ ਢੰਗ ਦੇ ਵਿਕਾਸ ਲਈ 5250 ਏਕੜ ਰਕਬੇ ਨੂੰ ਪ੍ਰਾਪਤ ਕਰਨ ਲਈ ਸਿਧਾਂਤਕ ਪ੍ਰਵਾਨਗੀ ਦਿੱਤੀ ਗਈ। ਵਿਚਾਰ-ਵਟਾਂਦਰੇ ਉਪਰੰਤ ਇਹ ਵੀ ਫੈਸਲਾ ਕੀਤਾ ਗਿਆ ਕਿ ਇਸ ਭੌਂ ਨੂੰ ਦੋ ਜਾਂ ਤਿੰਨ ਪੜ੍ਹਾਵਾਂ ਵਿੱਚ ਪ੍ਰਾਪਤ ਕਰ ਲਿਆ ਜਾਵੇ ਤਾਂ ਕਿ ਅਥਾਰਟੀ ਦੇ

ਵਿੱਤੀ ਢਾਂਚੇ ਤੇ ਕੋਈ ਜਿਆਦਾ ਬੋਝ ਨਾ ਪਵੇ। ਭੌਂ ਪ੍ਰਾਪਤੀ ਸਬੰਧੀ ਪੜ੍ਹਾਵਾਂ ਨੂੰ ਅੰਤਿਮ ਰੂਪ ਨੂੰ ਨੇਪਰ੍ਹੇ ਚੜ੍ਹਾਉਣ ਦੇ ਅਧਿਕਾਰ ਮਕਾਨ ਅਤੇ ਸ਼ਹਿਰੀ ਵਿਕਾਸ ਮੰਤਰੀ ਜੀ ਨੂੰ ਦਿੱਤੇ ਗਏ।

ਮੱਦ ਦੇ ਲੜੀ ਨੰ: 2 ਅਤੇ 3 ਤੇ ਦਰਸਾਈਆਂ ਤਜਵੀਜਾਂ ਨੂੰ ਅਥਾਰਟੀ ਵੱਲੋਂ ਵਿਚਾਰ-ਵਟਾਂਦਰੇ ਉਪਰੰਤ ਪ੍ਰਵਾਨ ਕਰ ਲਿਆ ਗਿਆ।

ਜਿੱਥੋਂ ਤੱਕ ਲੜੀ ਨੰ: 4 ਤੇ ਦਰਸਾਈ ਤਜਵੀਜ ਦਾ ਸਬੰਧ ਹੈ, ਅਥਾਰਟੀ ਵੱਲੋਂ ਗਹੁ ਨਾਲ ਵਿਚਾਰ-ਵਟਾਂਦਰੇ ਉਪਰੰਤ ਫੈਸਲਾ ਕੀਤਾ ਗਿਆ ਕਿ ਜਿਹੜੇ ਪ੍ਰੋਜੈਕਟਾਂ ਸਬੰਧੀ ਸੀ.ਐਲ.ਯੂ. ਦਿੱਤਾ ਜਾ ਚੁੱਕਾ ਹੈ ਜਾਂ ਕੋਈ ਮੈਗਾ ਪ੍ਰੋਜੈਕਟ ਪ੍ਰਵਾਨ ਹੋ ਚੁੱਕਾ ਹੈ ਅਤੇ ਉਸ ਸਬੰਧੀ ਸੀ.ਐਲ.ਯੂ. ਦੀ ਤਜਵੀਜ ਵਿਚਾਰ ਹਿੱਤ ਹੈ, ਅਜਿਹੇ ਪ੍ਰੋਜੈਕਟਾਂ ਦੀ ਭੌਂ ਨੂੰ ਪ੍ਰਾਪਤੀ ਤੋਂ ਛੱਡ ਦਿੱਤਾ ਜਾਵੇ ਤਾਂ ਕਿ ਇਸ ਸਬੰਧੀ ਕੋਈ ਕਾਨੂੰਨੀ ਅੜਚਨ ਨਾ ਆ ਜਾਵੇ। ਇਹ ਛੋਟ ਮੈਗਾ ਪ੍ਰੋਜੈਕਟ ਲਈ ਪ੍ਰਵਾਣਤ ਰਕਬੇ ਤੇ ਹੀ ਲਾਗੂ ਹੋਵੇਗੀ। ਇਸੇ ਦੀ ਲਗਾਤਾਰਤਾ ਵਿੱਚ ਅਥਾਰਟੀ ਵੱਲੋਂ ਇਹ ਵੀ ਫੈਸਲਾ ਕੀਤਾ ਗਿਆ ਕਿ ਅਜਿਹੀਆਂ ਥਾਵਾਂ ਜਿਨ੍ਹਾਂ ਨੂੰ ਭੌਂ ਪ੍ਰਾਪਤ ਤੋਂ ਛੋਟ ਦੇਣੀ ਹੈ, ਉਹਨਾਂ ਦੇ ਉੜਦ-ਖੁੜਦ ਸ਼ਕਲ ਹੋਣ ਕਾਰਨ, ਹੱਦਾਂ ਦੀ ਸਹੀ ਢੰਗ ਨਾਲ ਯੋਜਨਾਬੰਦੀ ਅਤੇ ਖੇਤਰ ਦਾ ਸੁਚੱਜੇ ਢੰਗ ਨਾਲ ਸ਼ਹਿਰੀ ਵਿਕਾਸ ਕਰਨ ਲਈ ਜਿੱਥੇ ਵੀ ਜਰੂਰਤ/ਸੰਭਵ ਹੋਵੇ, ਪ੍ਰਾਈਵੇਟ ਪ੍ਰੋਮਟਰਾਂ ਨਾਲ ਮਿਲ ਕੇ ਅਥਾਰਟੀ ਵੱਲੋਂ ਪ੍ਰਾਪਤ ਕੀਤੀ ਜਾਣ ਵਾਲੀ ਭੌਂ ਨਾਲ ਬਦਲਾਅ ਕਰ ਲਿਆ ਜਾਵੇ। ਇਸ ਕੰਮ ਨੂੰ ਮੱਦ ਵਿੱਚ ਤਜਵੀਜ ਕੀਤੀ ਗਈ ਕਮੇਟੀ ਵੱਲੋਂ ਕੀਤਾ ਜਾਵੇ।

ਮੱਦ ਨੰ: 14.09

**ਪੁਲਿਸ ਵਿਭਾਗ ਟ੍ਰੇਨਿੰਗ ਇੰਸਟੀਚਿਊਟ ਲਈ 16.31 ਏਕੜ ਕੀਤੀ ਗਈ ਭੌਂ ਦੀ ਅਲਾਟਮੈਂਟ ਸਬੰਧੀ 64,96,352.00 ਰੁਪਏ ਦੀ ਰਕਮ ਪਨੈਲਟੀ ਵੱਜੋਂ ਮੁਆਫ ਕਰਨ ਸਬੰਧੀ**

ਅਥਾਰਿਟੀ ਵੱਲੋਂ ਮੱਦ ਪ੍ਰਵਾਨ ਕੀਤੀ ਗਈ।

**ਮੱਦ ਨੰ: 14.10**

ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਐਸ.ਏ.ਐਸ.ਨਗਰ ਦੀ ਉਸਾਰੀ ਲਈ ਫੰਡਜ਼ ਜਾਰੀ ਕਰਨ ਬਾਰੇ।

ਅਥਾਰਿਟੀ ਵੱਲੋਂ ਮੱਦ ਨੂੰ ਕਾਰਜ-ਬਾਅਦ ਪ੍ਰਵਾਨਗੀ ਦਿੰਦੇ ਹੋਏ ਇਹ ਵੀ ਆਦੇਸ਼ ਦਿੱਤੇ ਕਿ ਇਸ ਪੂਰੇ ਪ੍ਰੋਜੈਕਟ ਦੀ ਵਿੱਤੀ ਪੂਰਤੀ ਗਮਾਡਾ ਵੱਲੋਂ ਸੀ.ਐਲ.ਯੂ./ਲਾਇਸੈਂਸ ਫੀਸ ਵੱਜੋਂ ਪ੍ਰਾਪਤ ਰਕਮ ਵਿੱਚੋਂ ਕੀਤੀ ਜਾਵੇਗੀ। ਜਦੋਂ ਵੀ ਲੋਕ ਨਿਰਮਾਣ ਵਿਭਾਗ ਵੱਲੋਂ ਮੰਗ ਕੀਤੀ ਜਾਵੇਗੀ ਤਾਂ ਅਥਾਰਟੀ ਵੱਲੋਂ ਰਾਸ਼ੀ ਜਾਰੀ ਕੀਤੀ ਜਾਵੇ।

**ਮੱਦ ਨੰ: 14.11**

ਗਰੀਨਿੰਗ ਆਫ ਪੰਜਾਬ ਫੰਡ ਅਧੀਨ 5.00 ਕਰੋੜ ਰੁਪਏ ਦੀ ਰਕਮ ਰਲੀਜ਼ ਕਰਨ ਬਾਰੇ।

ਅਥਾਰਿਟੀ ਵੱਲੋਂ ਮੱਦ ਨੂੰ ਕਾਰਜ-ਬਾਅਦ ਪ੍ਰਵਾਨਗੀ ਦਿੱਤੀ ਗਈ।

**ਮੱਦ ਨੰ: 14.12**

ਕਮਿਸ਼ਨਾਂ, ਬੋਰਡਾਂ ਅਤੇ ਕਾਰਪੋਰੇਸ਼ਨਾਂ ਆਦਿ ਲਈ ਮੋਹਾਲੀ ਵਿਖੇ ਮਲਟੀ ਸਟੋਰੀ ਬਿਲਡਿੰਗ ਦੀ ਉਸਾਰੀ ਕਰਨ ਉਪਰੰਤ ਜਗ੍ਹਾ ਕਿਰਾਏ ਤੇ ਦੇਣ ਲਈ।

ਅਥਾਰਿਟੀ ਵੱਲੋਂ ਮੱਦ ਪ੍ਰਵਾਨ ਕੀਤੀ ਗਈ।

**ਮੱਦ ਨੰ: 14.13**

ਸ਼ਹਿਰੀ ਮਿਲਖ, ਐਸ.ਏ.ਐਸ.ਨਗਰ ਵਿਖੇ ਪਲਾਟਾਂ/ਵਪਾਰਿਕ ਸਾਈਟਾਂ ਦੀ ਤਬਦੀਲੀ ਫੀਸ ਵਿੱਚ ਇਕਸਾਰਤਾ ਲਿਆਉਣ ਬਾਰੇ।

ਅਥਾਰਿਟੀ ਵੱਲੋਂ ਮੱਦ ਨੂੰ ਕਾਰਜ-ਬਾਅਦ ਪ੍ਰਵਾਨਗੀ ਦਿੱਤੀ ਗਈ।

<u>ਮੱਦ ਨੰ: 14.14</u>

ਸ਼ਹਿਰੀ ਮਿਲਖ, ਮੋਹਾਲੀ ਦੇ ਵੱਖ-ਵੱਖ ਸੈਕਟਰਾਂ ਵਿੱਚ ਖਾਲ੍ਹੀ ਪਏ ਕਮਰਸ਼ੀਅਲ ਸਾਈਟਾਂ, ਰਿਹਾਇਸ਼ੀ, ਸੰਸਥਾਵਾਂ ਅਤੇ ਚੰਕ ਸਾਈਟਾਂ ਨੂੰ ਬੋਲੀ ਰਾਂਹੀਂ ਵੇਚਣ ਸਬੰਧੀ ਸ਼ਰਤਾਂ ਨਿਰਧਾਰਤ ਕਰਨ ਬਾਰੇ।

ਅਥਾਰਿਟੀ ਵੱਲੋਂ ਮੱਦ ਨੂੰ ਕਾਰਜ-ਬਾਅਦ ਪ੍ਰਵਾਨਗੀ ਦਿੱਤੀ ਗਈ।

<u>ਮੱਦ ਨੰ: 14.15</u>

ਗਮਾਡਾ ਵਿਖੇ ਇਨਫਰਮੇਸ਼ਨ ਟੈਕਨਾਲੌਜੀ ਸ਼ਾਖਾ ਲਈ ਅਮਲਾ ਰੱਖਣ ਬਾਰੇ।

ਅਥਾਰਿਟੀ ਵੱਲੋਂ ਮੱਦ ਪ੍ਰਵਾਨ ਕੀਤੀ ਗਈ।

<u>ਮੱਦ ਨੰ: 14.16</u>

ਸੈਕਟਰ-69 ਐਸ.ਏ.ਐਸ.ਨਗਰ ਵਿਖੇ ਸ਼੍ਰੀ ਗੁਰੂ ਸਿੰਘ ਸਭਾ (ਰਜਿ:) ਨੂੰ ਗੁਰੂਦੁਆਰਾ ਸਾਹਿਬ ਲਈ ਭੌਂ ਅਲਾਟ ਕਰਨ ਬਾਰੇ।

ਅਥਾਰਿਟੀ ਵੱਲੋਂ ਮੱਦ ਪ੍ਰਵਾਨ ਕੀਤੀ ਗਈ।

<u>ਮੱਦ ਨੰ: 14.17</u>

ਨੈਸ਼ਨਲ ਇੰਸਟੀਚਿਊਟ ਆਫ ਪਬਲਿਕ ਕੋਆਪਰੇਸ਼ਨ ਐਂਡ ਚਾਈਲਡ ਡਿਵੈਲਪਮੇਂਟ (ਨਿਪਸਡ), ਨਵੀਂ ਦਿੱਲੀ ਨੂੰ ਮੋਹਾਲੀ ਵਿਖੇ ਰਿਜ਼ਨਲ ਸੈਂਟਰ ਸਥਾਪਿਤ ਕਰਨ ਲਈ ਭੌਂ ਅਲਾਟ ਕਰਨ ਬਾਰੇ।

ਅਥਾਰਿਟੀ ਵੱਲੋਂ ਮੱਦ ਪ੍ਰਵਾਨ ਕੀਤੀ ਗਈ।

**ਮੱਦ ਨੰ: 14.18**

ਸਿਟੀ ਸੈਂਟਰ, ਸੈਕਟਰ-62, ਐਸ.ਏ.ਐਸ.ਨਗਰ ਵਿਖੇ 34.27 ਏਕੜ ਰਕਬੇ ਵਿੱਚ ਫਾਇਨਾਸ਼ੀਅਲ ਡਿਸਟ੍ਰਿਕ ਪਲੈਨ ਕਰਨ ਬਾਰੇ।

ਅਥਾਰਿਟੀ ਵੱਲੋਂ ਮੱਦ ਪ੍ਰਵਾਨ ਕਰਦੇ ਹੋਏ ਇਸ ਸਕੀਮ ਦੇ ਰੇਟ ਨਿਰਧਾਰਤ ਕਰਨ ਦੇ ਅਧਿਕਾਰ ਮੰਤਰੀ ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ ਜੀ ਨੂੰ ਦਿੱਤੇ ਗਏ।

**ਮੱਦ ਨੰ: 14.19**

ਸ਼ਹਿਰੀ ਮਿਲਖ ਐਸ.ਏ.ਐਸ.ਨਗਰ ਦੇ ਸੈਕਟਰ-60 ਵਿਖੇ ਡਾ: ਅੰਬੇਦਕਰ ਇੰਸਟੀਚਿਊਟ ਨੂੰ ਅਲਾਟ ਕੀਤੀ ਗਈ ਭੌਂ ਵਿਰੁੱਧ ਬਣਦੀ ਪਨੈਲਟੀ ਦੀ ਰਕਮ ਮੁਆਫ ਕਰਨ ਬਾਰੇ।

ਅਥਾਰਿਟੀ ਵੱਲੋਂ ਮੱਦ ਪ੍ਰਵਾਨ ਕੀਤੀ ਗਈ।

ਮੀਟਿੰਗ ਧੰਨਵਾਦ ਦੇ ਮਤੇ ਸਹਿਤ ਸਮਾਪਤ ਹੋਈ।

ਮੁੱਖ ਮੰਤਰੀ,
ਪੰਜਾਬ।